
## ਹਮੇਸ਼ਾਂ ਰਿਪੋਰਟ ਕਰੋ

# ਕੀ ਕੰਮ ਤੇ ਜ਼ਖ਼ਮੀ ਹੋਏ ਹੋ?

### ਜਖ਼ਮੀ ਹੋਏ ਵਰਕਰਾਂ ਅਤੇ ਰੋਜ਼ਗਾਰ ਪ੍ਰਦਾਤਿਆਂ ਲਈ ਰਿਪੋਰਟ ਕਰਨ ਵਾਸਤੇ ਇੱਕ ਗਾਈਡ



wsib cspaat ONTARIO

## ਰੋਜ਼ਗਾਰ ਪ੍ਰਦਾਤਾ | ਕੀ ਹੁੰਦਾ ਹੈ ਜੇਕਰ ਇੱਕ ਰੋਜ਼ਗਾਰ ਪ੍ਰਦਾਤਾ ਕਾਰਜ਼ਸਥਲ ਤੇ ਚੋਟ ਲੱਗਣ ਜਾਂ ਬਿਮਾਰੀ ਬਾਰੇ ਰਿਪੋਰਟ ਨਹੀਂ ਕਰਦਾ ਹੈ?

ਰੋਜ਼ਗਾਰ ਪ੍ਰਦਾਤਿਆਂ ਨੂੰ ਰਿਪੋਰਟ ਨਾ ਕਰਨ, ਦੇਰੀ ਨਾਲ ਰਿਪੋਰਟ ਕਰਨ, ਮੰਗੇ ਗਏ ਸਾਰੇ ਵੇਰਵੇ ਨਾ ਪ੍ਰਦਾਨ ਕਰਨ ਲਈ, ਜਾਂ ਇੱਕ ਚੋਟ ਜਾਂ ਬਿਮਾਰੀ ਦੀ ਰਿਪੋਰਟਿੰਗ ਨਾ ਕਰਨ ਲਈ ਇੱਕ ਵਰਕਰ ਨੂੰ ਨਿਰਉਤਸ਼ਾਹਿਤ ਕਰਨ ਵਾਸਤੇ ਜੁਰਮਾਨਾ ਲਾਇਆ ਜਾ ਸਕਦਾ ਹੈ। WSIB ਖਰਚੇ ਪਾ ਸਕਦੇ ਹਨ ਅਤੇ ਉਨ੍ਹਾਂ ਰੋਜ਼ਗਾਰ ਪ੍ਰਦਾਤਿਆਂ ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਜੋ ਕਾਰਜ਼ਸਥਲ ਤੇ ਦੁਰਘਟਨਾਵਾਂ ਬਾਰੇ ਰਿਪੋਰਟ ਨਹੀਂ ਕਰਦੇ ਹਨ, ਜਾਂ ਵਰਕਰਾਂ ਨੂੰ ਚੋਟਾਂ ਜਾਂ ਬਿਮਾਰੀਆਂ ਦੀ ਰਿਪੋਰਟ ਕਰਨ ਲਈ ਨਿਰਉਤਸ਼ਾਹਿਤ ਕਰਦੇ ਹਨ। ਵਿਅਕਤੀਆਂ ਜਾਂ ਕਾਰਪੋਰੇਸ਼ਨਾਂ ਤੇ ਅਦਾਲਤ ਦੁਆਰਾ ਜੁਰਮਾਨੇ ਲਗਾਏ ਜਾ ਸਕਦੇ ਹਨ।

## ਵਰਕਰ । ਕੀ ਹੁੰਦਾ ਹੈ ਜੇਕਰ ਮੈਂ ਆਪਣੇ ਆਪ ਨੂੰ ਇਨ੍ਹਾਂ ਹਾਲਤਾਂ ਵਿੱਚੋਂ ਕਿਸੇ ਇੱਕ ਵਿੱਚ ਪਾਉਂਦਾ ਹਾਂ?

- •ਮੇਰਾ ਰੋਜ਼ਗਾਰ ਪ੍ਰਦਾਤਾ ਮੈਨੂੰ WSIB ਨੂੰ ਮੇਰੀ ਚੋਟ ਜਾਂ ਬਿਮਾਰੀ ਦੀ ਰਿਪੋਰਟ ਨਾ ਕਰਨ ਬਾਰੇ ਕਹਿੰਦਾ ਹੈ।
- •ਮੇਰਾ ਰੋਜ਼ਗਾਰ ਪ੍ਰਦਾਤਾ ਮੈਨੂੰ ਕਹਿੰਦਾ ਹੈ ਕਿ ਮੈਨੂੰ ਨੌਕਰੀ ਤੋਂ ਨਿਕਾਲ ਦਿੱਤਾ ਜਾਏਗਾ ਜੇਕਰ ਮੈਂ WSIB ਨੂੰ ਆਪਣੀ ਚੋਟ ਜਾਂ ਬਿਮਾਰੀ ਬਾਰੇ ਰਿਪੋਰਟ ਕਰਦਾ ਹਾਂ।
- •ਮੇਰਾ ਰੋਜ਼ਗਾਰ ਪ੍ਰਦਾਤਾ ਮੈਨੂੰ ਕਹਿੰਦਾ ਹੈ ਕਿ ਮੇਰੀ ਚੋਟ ਜਾਂ ਬਿਮਾਰੀ WSIB ਦੁਆਰਾ ਕਵਰ ਨਹੀਂ ਕੀਤੀ ਜਾਂਦੀ।
- •ਮੇਰਾ ਰੋਜ਼ਗਾਰ ਪ੍ਰਦਾਤਾ ਮੈਨੂੰ ਕਹਿੰਦਾ ਹੈ ਕਿ ਮੈਨੂੰ ਆਪਣੇ ਬਿਮਾਰੀ ਦੇ ਦਿਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਦੋਂ ਮੈਂ ਕੰਮ ਤੋਂ ਦੂਰ ਹੁੰਦਾ ਹਾਂ, ਮੇਰੀ ਚੋਟ ਜਾਂ ਬਿਮਾਰੀ ਬਾਰੇ ਰਿਪੋਰਟ ਕਰਨ ਦੀ ਬਜਾਏ।

ਜੇਕਰ ਤੁਸੀਂ ਆਪਣੇ ਆਪ ਨੂੰ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਿੱਚ ਦੇਖਦੇ ਹੋ, ਤਾਂ ਤੁਹਾਨੂੰ ਅਜੇ ਵੀ ਆਪਣੀ ਚੋਟ ਜਾਂ ਬਿਮਾਰੀ ਬਾਰੇ ਰਿਪੋਰਟ ਕਰਨੀ ਚਾਹੀਦੀ ਹੈ। WSIB ਫੈਸਲਾ ਕਰੇਗੀ ਕਿ ਕੀ ਚੋਟ ਜਾਂ ਬਿਮਾਰੀ ਨੂੰ ਕੰਮ ਨਾਲ ਸੰਬੰਧਿਤ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਕਵਰ ਕੀਤਾ ਜਾਣਾ ਚਾਹੀਦਾ ਹੈ।

## ਗੁਪਤ ਐਕਸ਼ਨ ਲਾਈਨ

ਜੇਕਰ ਤੁਹਾਨੂੰ ਸੰਦੇਹ ਹੁੰਦਾ ਹੈ ਕਿ ਇੱਕ WSIB ਕਲੇਮ ਨੂੰ ਰੋਕਣ ਦੀ ਕੋਸ਼ਿਸ਼ ਕਰਨ ਸਮੇਤ, ਕਿਸੇ ਵਿਅਕਤੀ ਨੇ ਕੋਈ ਅਪਰਾਧ ਕੀਤਾ ਹੈ ਜਾਂ ਵਰਕਪਲੇਸ ਸੁਰੱਖਿਆ ਅਤੇ ਬੀਮਾ ਪ੍ਰਣਾਲੀ ਨੂੰ ਖਰਾਬ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਇਸ ਬਰੇ 1-888-745-3237 ਤੇ ਸਾਡੀ ਗੁਪਤ ਐਕਸ਼ਨ ਲਾਈਨ ਤੇ ਇਸ ਬਾਰੇ ਰਿਪੋਰਟ ਕਰੋ, sileads@wsib.on.ca ਤੇ ਈਮੇਲ ਕਰੋ ਜਾਂ ਇੱਕ ਸੰਭਾਵਿਤ ਗਲਤ ਕੰਮ ਦੀ ਗੁੰਮਨਾਮ ਰੂਪ ਵਿੱਚ ਰਿਪੋਰਟ ਕਰਨ ਲਈ WSIB ਦੀ ਵੈਬਸਾਈਟ ਤੇ ਜਾਓ।

## WSIB ਬਾਰੇ

ਵਰਕਪਲੇਸ ਸੇਫ਼ਟੀ ਅਤੇ ਇੰਸ਼ੁਰੈਂਸ ਬੋਰਡ (WSIB) ਇੱਕ ਸੁਤੰਤਰ ਟ੍ਰਸਟ ਏਜੰਸੀ ਹੈ ਜੋ ਓਂਟਾਰੀਓ ਵਰਕਪਲੇਸਾਂ ਲਈ ਮੁਆਵਜੇ ਅਤੇ ਨੋ-ਫਾਲਟ ਬੀਮੇ ਦਾ ਸੰਚਾਲਨ ਕਰਦੀ ਹੈ। ਅਸੀਂ ਓਂਟਾਰੀਓ ਦੇ ਵਰਕਰਾਂ ਅਤੇ ਰੋਜ਼ਗਾਰ ਪ੍ਰਦਾਤਿਆਂ ਲਈ ਕਿਹੜੇ ਮੁੱਦਿਆਂ ਦਾ ਵਿਤਰਣ ਕਰਨ ਲਈ ਵਚਨਬੱਧ ਹਾਂ: ਉਚਿੱਤ ਕੀਮਤ ਤੇ ਤੇਜ਼, ਪਹੁੰਚਯੋਗ ਸੇਵਾ ਅਤੇ ਉੱਚਿਤ ਲਾਭ। WSIB ਕੰਮ ਤੇ ਚੋਟ ਲੱਗਣ ਜਾਂ ਬਿਮਾਰੀ ਤੋਂ ਬਾਅਦ ਭੱਤਾ-ਹਾਨੀ ਲਾਭ, ਮੈਡੀਕਲ ਕਵਰੇਜ਼ ਪ੍ਰਦਾਨ ਕਰਦੀ ਹੈ ਅਤੇ ਕੰਮ ਤੇ ਵਾਪਸ ਪਰਤਣ ਵਿੱਚ ਮਦਦ ਕਰਦੀ ਹੈ – ਸਭ ਤੋਂ ਸੰਭਵ ਨਤੀਜਾ ਪ੍ਰਦਾਨ ਕਰਦੀ ਹੈ।

ਕਾਰਜਸਥਲ ਤੇ ਚੋਟ ਜਾਂ ਬਿਮਾਰੀ ਬਾਰੇ ਰਿਪੋਰਟ ਕਰਨ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ www.wsib.on.ca ਤੇ ਜਾਓ।

## ਸੰਪਰਕ


ਫੋਨ: 1-800-387-0750 ਜਾਂ 416-344-1000
(TTY:1-800-387-0050)
ਸਵੇਰੇ EST 7:30 ਵਜੇ ਤੋਂ ਸ਼ਾਮ 5:00 ਵਜੇ ਤੱਕ, ਸੋਮਵਾਰ ਤੋਂ ਸ਼ੁੱਕਰਵਾਰ ਤੱਕ

ਮੇਲ: ਵਰਕਪਲੇਸ ਸੇਫ਼ਟੀ ਅਤੇ ਇੰਸ਼ੁਰੈਂਸ ਬੋਰਡ
200 Front Street West
Toronto, ON M5V 3J1

ਫੈਕਸ: ਸਥਾਨਕ 416-344-4684
ਟੌਲ-ਫਰੀ 1-888-313-7373


wsib cspaat ONTARIO

0087N 10/2016 Punjabi

## 1 ਮੈਡੀਕਲ ਤਵੱਜੋ ਪ੍ਰਾਪਤ ਕਰੋ

ਵਰਕਰ: ਤੁਰੰਤ ਮੁਢਲੀ ਸਹਾਇਤਾ ਪ੍ਰਾਪਤ ਕਰੋ। ਜੇਕਰ ਵਧੇਰੇ ਗੰਭੀਰ ਇਲਾਜ਼ ਦੀ ਲੋੜ ਹੋਵੇ, ਤਾਂ ਇੱਕ ਡਾਕਟਰ ਜਾਂ ਹਸਪਤਾਲ ਵਿੱਚ ਜਾਓ। ਤੁਹਾਡਾ ਰੋਜ਼ਗਾਰ ਪ੍ਰਦਾਤਾ ਮੈਡੀਕਲ ਇਲਾਜ਼ ਪ੍ਰਾਪਤ ਕਰਨ ਲਈ ਟ੍ਰਾਂਸਪੋਰਟ ਪ੍ਰਦਾਨ ਕਰਨ ਲਈ ਜਿੰਮੇਵਾਰ ਹੁੰਦਾ ਹੈ।

ਰੋਜ਼ਗਾਰ ਪ੍ਰਦਾਤਾ: ਮੁਢਲੀ ਸਹਾਇਤਾ ਪ੍ਰਦਾਨ ਕਰਦਾ ਹੈ। ਜੇਕਰ ਵਧੇਰੇ ਗੰਭੀਰ ਇਲਾਜ਼ ਦੀ ਲੋੜ ਹੁੰਦੀ ਹੈ, ਤਾਂ ਵਰਕਰ ਨੂੰ ਢੁਕਵੀਂ ਮੈਡੀਕਲ ਸੁਵਿਧਾ ਵਿੱਚ ਲਿਜਾਉਂਦਾ ਹੈ। ਤੁਹਾਨੂੰ ਵਰਕਰ ਨੂੰ ਲਿਜਾਉਣ ਲਈ ਖਰਚਿਆਂ ਦਾ ਭੁਗਤਾਨ ਕਰਨਾ ਜਰੂਰੀ ਹੁੰਦਾ ਹੈ।

ਯਾਦ ਰੱਖੋ: ਜੇਕਰ ਮੁਢਲੀ ਸਹਾਇਤਾ ਇੱਕੋ ਇੱਕ ਇਲਾਜ਼ ਹੋਵੇ ਜੋ ਵਰਕਰ ਨੇ ਪ੍ਰਾਪਤ ਕੀਤਾ ਹੋਵੇ, ਤਾਂ ਤੁਹਾਨੂੰ WSIB ਨੂੰ ਰਿਪੋਰਟ ਕਰਨ ਦੀ ਲੋੜ ਨਹੀਂ ਹੁੰਦੀ। ਜੇਕਰ ਤੁਹਾਨੂੰ ਯਕੀਨ ਨਾ ਹੋਵੇ ਕਿ ਕੀ ਤੁਹਾਨੂੰ ਰਿਪੋਰਟ ਕਰਨੀ ਚਾਹੀਦੀ ਹੈ, ਤਾਂ ਤੁਸੀਂ ਸੰਪਰਕ ਸੈਕਸ਼ਨ ਵਿੱਚ ਫੋਨ ਨੰਬਰ ਤੇ ਕਾਲ ਕਰ ਸਕਦੇ ਹੋ।

## 2 ਜਾਂਚ ਅਤੇ ਦਸਤਾਵੇਜ਼

ਵਰਕਰ: ਤੁਹਾਡੇ ਰੋਜ਼ਗਾਰ ਪ੍ਰਦਾਤੇ ਨੂੰ ਵਰਕਪਲੇਸ ਸੇਫ਼ਟੀ ਅਤੇ ਇੰਸ਼ੁਰੈਂਸ ਐਕਟ ਦੇ ਤਹਿਤ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਤੁਹਾਡੀ ਚੋਟ ਜਾਂ ਬਿਮਾਰੀ ਬਾਰੇ ਜਾਣਨ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਘਟਨਾ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਦਸਤਾਵੇਜ਼ ਤਿਆਰ ਕਰਨਾ ਚਾਹੀਦਾ ਹੈ।

ਰੋਜ਼ਗਾਰ ਪ੍ਰਦਾਤਾ: ਤੁਹਾਨੂੰ ਜਾਂਚ ਕਰਨੀ ਚਾਹੀਦੀ ਹੈ ਅਤੇ ਕੀ ਵਾਪਰਿਆ ਹੈ ਅਤੇ ਸਮੱਸਿਆ ਨੂੰ ਸਹੀ ਕਰਨ ਲਈ ਤੁਸੀਂ ਕਿਹੜੇ ਕਦਮ ਉਠਾਏ ਹਨ ਇਸ ਬਾਰੇ ਵਿਸਤ੍ਰਿਤ ਵੇਰਵੇ ਰੱਖਣੇ ਚਾਹੀਦੇ ਹਨ।

## 3 WSIB ਨੂੰ ਰਿਪੋਰਟ ਕਰਨਾ

FORM 6 FORM 7

ਵਰਕਰ: ਫਾਰਮ 6 – ਚੋਟ ਜਾਂ ਬਿਮਾਰੀ ਦੀ ਵਰਕਰ ਦੀ ਰਿਪੋਰਟ ਨੂੰ ਪੂਰਾ ਕਰੋ ਅਤੇ ਦਾਖਲ ਕਰੋ।

ਯਾਦ ਰੱਖੋ: ਤੁਸੀਂ WSIB ਵੈਬਸਾਈਟ ਤੇ ਫਾਰਮ ਨੂੰ ਭਰ ਸਕਦੇ ਹੋ, ਇਸ ਨੂੰ ਮੇਲ ਜਾਂ ਫੈਕਸ ਰਾਹੀਂ ਦਾਖਲ ਕਰੋ, ਜਾਂ ਇੱਕ ਪ੍ਰਤੀਨਿਧੀ ਨਾਲ 1-800-387-0750 (ਟੀਟੀਵਾਈ: 1-800-387-0050) ਤੇ ਗੱਲ ਕਰੋ।

ਰੋਜ਼ਗਾਰ ਪ੍ਰਦਾਤਾ: ਆਪਣੇ ਵਰਕਰ ਦੇ ਚੋਟ ਲੱਗਣ ਜਾਂ ਬਿਮਾਰ ਹੋਣ ਦੇ ਪਤਾ ਲੱਗਣ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ ਅੰਦਰ ਫਾਰਮ 7 ਦਾਖ਼ਲ ਕਰਨ ਦੁਆਰਾ ਚੋਟ ਜਾਂ ਬਿਮਾਰੀ ਬਾਰੇ WSIB ਨੂੰ ਰਿਪੋਰਟ ਕਰੋ (ਜਿਵੇਂ ਕਿ ਵਰਕਪਲੇਸ ਸੇਫ਼ਟੀ ਅਤੇ ਇੰਸ਼ੁਰੈਂਸ ਐਕਟ ਦੁਆਰਾ ਲੋੜੀਂਦਾ ਹੈ)।

- ਜੇਕਰ ਵਰਕਰ ਨੂੰ ਮੁਢਲੀ ਸਹਾਇਤਾ ਨਾਲੋਂ ਵੱਧ ਦੀ ਲੋੜ ਪੈਂਦੀ ਹੈ ਅਤੇ/ਜਾਂ ਕੰਮ ਤੋਂ ਗੈਰਹਾਜ਼ਰ ਹੁੰਦਾ ਹੈ, ਨਿਯਮਿਤ ਤਨਖਾਹ ਨਾਲੋਂ ਘੱਟ ਕਮਾਉਂਦਾ ਹੈ, ਅਤੇ/ਜਾਂ ਸੱਤ ਕੈਲੰਡਰ ਦਿਨਾਂ ਨਾਲੋਂ ਵੱਧ ਲਈ ਨਿਯਮਿਤ ਤਨਖਾਹ ਤੇ ਬਦਲਵੇਂ ਕੰਮ ਦੀ ਲੋੜ ਪੈਂਦੀ ਹੈ ਤਾਂ ਤੁਹਾਨੂੰ ਵਰਕਪਲੇਸ ਤੇ ਚੋਟ ਜਾਂ ਬਿਮਾਰੀ ਬਾਰੇ WSIB ਨੂੰ ਰਿਪੋਰਟ ਕਰਨੀ ਚਾਹੀਦੀ ਹੈ।
- ਤੁਹਾਨੂੰ ਘਟਨਾ ਦੇ ਦਿਨ ਤੇ ਆਪਣੇ ਵਰਕਰ ਨੂੰ ਇੱਕ ਪੂਰੇ ਦਿਨ ਦੇ ਭੱਤਿਆਂ ਦਾ ਭੁਗਤਾਨ ਕਰਨਾ ਚਾਹੀਦਾ ਹੈ। ਜੇਕਰ ਵਰਕਰ ਨੂੰ ਭੱਤੇ ਨਾ ਮਿਲਣ ਅਤੇ ਕਲੇਮ ਦੀ ਸਵੀਕ੍ਰਿਤੀ ਹੋਵੇ, WSIB ਦੇ ਕਮਾਈ ਦੇ ਘਾਟੇ ਵਾਲੇ ਲਾਭ ਦੁਰਘਟਨਾ ਹੋਣ ਤੋਂ ਬਾਅਦ ਕੰਮਕਾਜੀ ਦਿਨ ਤੇ ਸ਼ੁਰੂ ਹੁੰਦੇ ਹਨ।

## 4 ਟੀਮ ਦਾ ਭਾਗ ਬਣੇ ਰਹੋ

ਵਰਕਰ ਅਤੇ ਰੋਜ਼ਗਾਰ ਪ੍ਰਦਾਤਾ: ਇਹ ਮਹੱਤਵਪੂਰਣ ਹੁੰਦਾ ਹੈ ਕਿ ਤੁਸੀਂ ਇੱਕ ਦੂਜੇ ਨਾਲ ਅਤੇ WSIB ਨਾਲ ਜੁੜੇ ਰਹੋ। ਇਸ ਪ੍ਰਕਾਰ ਅਸੀਂ ਸੁਨਿਸ਼ਚਿਤ ਕਰ ਸਕਦੇ ਹਾਂ ਕਿ ਸਾਰੇ ਹੀ ਜਖਮੀ ਜਾਂ ਬਿਮਾਰ ਵਰਕਰਾਂ ਕੋਲ ਉਹ ਜਾਣਕਾਰੀ ਅਤੇ ਸਹਾਇਤਾ ਮੌਜੂਦ ਹੋਵੇ ਜਿਸ ਦੀ ਉਨ੍ਹਾਂ ਨੂੰ ਸੁਰੱਖਿਅਤ ਰੂਪ ਵਿੱਚ ਵਾਪਸ ਪਰਤਣ ਲਈ ਲੋੜ ਹੁੰਦੀ ਹੈ।